# प्रश्न–पत्र की योजना 2024–2025

कक्षा – **12 / उच्च माध्यमिक**
विषय – **पंजाबी साहित्य (वैकल्पिक विषय)**
अवधि – **3:15 घंटे** पूर्णांक– **80**

1. उद्देश्य हेतु अंकभार–

| क्र.सं. | उद्देश्य | अंकभार | प्रतिशत |
|---|---|---|---|
| 1. | ज्ञान | 17 | 21.25 |
| 2. | अवबोध | 24 | 30.00 |
| 3. | ज्ञानोपयोग | 23 | 28.75 |
| 4. | कौशल | 8 | 10.00 |
| 5. | विश्लेषण | 8 | 10.00 |
| **योग** | | **80** | **100.00** |

2. प्रश्नों के प्रकारवार अंकभार–

| क्र.सं. | प्रश्नों का प्रकार | प्रश्नों की संख्या | अंक प्रतिप्रश्न | कुल अंक | प्रतिशत (अंको का) | प्रतिशत (प्रश्नों का) | संभावित समय |
|---|---|---|---|---|---|---|---|
| 1. | बहुविकल्पात्मक | 18 | 01 | 18 | 22.5 | 33.96 | 32 |
| 2. | रिक्तस्थान | 06 | 01 | 06 | 7.5 | 11.32 | 08 |
| 3. | अतिलघुत्तरात्मक | 12 | 01 | 12 | 15.0 | 22.64 | 28 |
| 4. | लघुत्तरात्मक | 10 | 02 | 20 | 25.0 | 18.87 | 50 |
| 5. | दीर्घउत्तरीय | 04 | 03 | 12 | 15.0 | 7.55 | 32 |
| 6. | निबंधात्मक | 03 | 04 | 12 | 15.0 | 5.66 | 45 |
| | **योग** | **53** | **—** | **80** | **100** | **100** | **195 मिनट** |

विकल्प योजना : खण्ड 'स' एवं 'द' में हैं

3. विषय वस्तु का अंकभार–

| क्र.सं. | विषय वस्तु | अंक भार | प्रतिशत |
|---|---|---|---|
| 01 | कविता (पाठ्य पुस्तक) | 22 | 27.50 |
| 02 | कहानी (पाठ्य पुस्तक) | 13 | 16.25 |
| 03 | साहित्य के रूप (पाठ्य पुस्तक) | 06 | 7.50 |
| 04 | रस (पाठ्य पुस्तक) | 03 | 3.75 |
| 05 | साहित्य का इतिहास (पाठ्य पुस्तक) | 06 | 7.50 |
| 06 | व्याकरण | 13 | 16.25 |
| 07 | कहानी रचना | 03 | 3.75 |
| 08 | निबंध रचना | 04 | 5.00 |
| 09 | अपठित गद्यांश | 10 | 12.50 |
| | | | |
| **योग** | | **80** | **100** |

# प्रश्न–पत्र ब्ल्यूप्रिन्ट 2024–2025

**कक्षा – 12/उच्च माध्यमिक** **विषय :– पंजाबी साहित्य (वैकल्पिक विषय)** **समय– 3:15 घंटे** **पूर्णांक– 80**

| क्र. सं. | उद्देश्य इकाई/उपइकाई | ज्ञान | | | | | | अवबोध | | | | | | ज्ञानोपयोग | | | | | | कौशल | | | | | | विश्लेषण | | | | | | योग |
|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|
| | | बहुविकल्पात्मक | रिक्तस्थान | अतिलघुत्तरात्मक | लघुत्तरात्मक | दीर्घउत्तरात्मक | निबन्धात्मक | बहुविकल्पात्मक | रिक्तस्थान | अतिलघुत्तरात्मक | लघुत्तरात्मक | दीर्घउत्तरात्मक | निबन्धात्मक | बहुविकल्पात्मक | रिक्तस्थान | अतिलघुत्तरात्मक | लघुत्तरात्मक | दीर्घउत्तरात्मक | निबन्धात्मक | बहुविकल्पात्मक | रिक्तस्थान | अतिलघुत्तरात्मक | लघुत्तरात्मक | दीर्घउत्तरात्मक | निबन्धात्मक | बहुविकल्पात्मक | रिक्तस्थान | अतिलघुत्तरात्मक | लघुत्तरात्मक | दीर्घउत्तरात्मक | निबन्धात्मक | |
| 01 | कविता | 2(2) | 1(1) | 1(1) | -- | -- | -- | 3(3) | -- | 1(1) | 2(1) | 3(1) | -- | 3(3) | 1(1) | -- | -- | 3(1) | -- | 1(1) | 1(1) | -- | -- | -- | -- | -- | -- | -- | -- | -- | -- | 22(17) |
| 02 | कहानी | 2(2) | 1(1) | -- | -- | -- | -- | 2(2) | -- | -- | -- | 3(1) | -- | 2(2) | -- | -- | -- | -- | -- | 1(1) | -- | -- | -- | -- | -- | -- | -- | -- | 2(1) | -- | -- | 13(10) |
| 03 | साहित्य के रूप | -- | -- | -- | 2(1) | -- | -- | -- | -- | -- | -- | -- | 4(1) | -- | -- | -- | -- | -- | -- | -- | -- | -- | -- | -- | -- | -- | -- | -- | -- | -- | -- | 6(2) |
| 04 | रस | -- | -- | -- | -- | -- | -- | -- | -- | -- | -- | -- | -- | -- | -- | --- | -- | -- | -- | 1(1) | -- | -- | -- | -- | -- | -- | -- | -- | 2(1) | -- | -- | 3(2) |
| 05 | साहित्य का इतिहास | -- | -- | -- | -- | -- | -- | -- | -- | -- | -- | -- | -- | -- | -- | --- | -- | -- | 4(1) | -- | -- | -- | -- | -- | -- | -- | -- | -- | 2(1) | -- | -- | 6(2) |
| 06 | व्याकरण | -- | 2(2) | 2(2) | -- | -- | -- | -- | -- | -- | -- | -- | -- | -- | -- | 3(3) | -- | -- | -- | 1(1) | -- | 3(3) | -- | -- | -- | -- | -- | 2(2) | -- | -- | -- | 13(13) |
| 07 | कहानी रचना | -- | -- | -- | -- | -- | -- | -- | -- | -- | -- | -- | -- | -- | -- | -- | -- | 3(1) | -- | -- | -- | -- | -- | -- | -- | -- | -- | -- | -- | -- | -- | 3(1) |
| 08 | निबंध रचना | -- | -- | -- | -- | -- | -- | -- | -- | -- | -- | -- | -- | -- | -- | --- | -- | -- | 4(1) | -- | -- | -- | -- | -- | -- | -- | -- | -- | -- | -- | -- | 4(1) |
| 09 | अपठित गद्यांश | -- | -- | -- | 4(2) | -- | -- | -- | -- | -- | 6(3) | -- | -- | -- | -- | --- | -- | -- | -- | -- | -- | -- | -- | -- | -- | -- | -- | -- | -- | -- | -- | 10(5) |
| | | | | | | | | | | | | | | | | | | | | | | | | | | | | | | | | |
| | योग | 4(8) | 4(4) | 3(3) | 6(3) | -- | -- | 5(5) | -- | 1(1) | 8(4) | 6(2) | 4(1) | 5(5) | 1(1) | 3(3) | - | 6(2) | 8(2) | 4(4) | 1(1) | 3(3) | -- | -- | -- | -- | -- | 2(2) | 6(3) | -- | -- | |
| | सर्वयोग | 17(14) | | | | | | 24(13) | | | | | | 23(13) | | | | | | 8(8) | | | | | | 8(5) | | | | | | **80(53)** |

विकल्पों की योजना :– खण्ड 'स' एवं 'द' में प्रत्येक में एक आंतरिक विकल्प है नोटः–कोष्ठक के बाहर की संख्या 'अंकों' की तथा अंदर की संख्या 'प्रश्नों' की द्योतक है।

BSER

## सामान्य निर्देश :—

1. परीक्षार्थी सर्वप्रथम अपने प्रश्न पत्र पर अपना नामांक अनिवार्यतः लिखें।
   Candidate must write first his/her Roll No. on the question paper compulsorily.
2. सभी प्रश्न हल करने अनिवार्य हैं।
   All the questions are compulsory.
3. प्रत्येक प्रश्न का उत्तर दी गई उत्तर पुस्तिका में ही लिखें।
   Write the answer to each question in the given answer-book only.
4. जिन प्रश्नों में आन्तरिक खण्ड है उनके उत्तर एक साथ ही लिखें।
   For questions having more than one part, the answers to those parts are to be written together in continuity .
5. प्रश्न का उत्तर लिखने से पूर्व प्रश्न का क्रमांक अवश्य लिखें।
   Write down the serial number of the question before attempting it.
6. प्रश्न पत्र के हिन्दी व अंग्रेजी रूपान्तरण में किसी प्रकार की त्रुटि/अन्तर/विरोधाभास होने पर हिन्दी भाषा के प्रश्न को सही मानें।
   If there is any kind of error/difference/contradiction in Hindi & English version of the question paper, the question of the Hindi version should be treated valid.

BSER

**ਮਾੱਡਲ ਪ੍ਰਸ਼ਨ-ਪਤ੍ਰ**

**ਉਚ੍ਚ ਮਾਧ੍ਯਮਿਕ ਪਰੀਕ੍ਸ਼ਾ 2025**

**ਵਿਸ਼ਯ: ਪੰਜਾਬੀ ਸਾਹਿਤ੍ਯ**

ਸਮਾਂ 3:15 ਘੰਟੇ ਕੁੱਲ ਅੰਕ : 80

**ਪ੍ਰੀਖਿਆਰਥੀਆਂ ਲਈ ਆਮ ਹਦਾਇਤਾਂ:-**

- ਪ੍ਰੀਖਿਆਰਥੀ ਸਭ ਤੋਂ ਪਹਿਲਾਂ ਆਪਣੇ ਪ੍ਰਸ਼ਨ ਪੱਤਰ ਤੇ ਆਪਣਾ ਰੋਲ ਨੰਬਰ ਲਿਖਣ।
- ਸਾਰੇ ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹਨ। ਸਾਰੇ ਪ੍ਰਸ਼ਨਾਂ ਦੇ ਅੰਕ ਸਾਹਮਣੇ ਅੰਕਤ ਹਨ। ਪ੍ਰਸ਼ਨ ਨੰਬਰ 14 ਤੋਂ 20 ਤੱਕ ਆਂਤਰਿਕ ਵਿਕਲਪ ਹਨ।
- ਹਰ ਇੱਕ ਪ੍ਰਸ਼ਨ ਦਾ ਉੱਤਰ ਦਿੱਤੀ ਉੱਤਰ-ਪੁਸਤਿਕਾਂ `ਤੇ ਹੀ ਲਿਖੋ। ਜਿਹਨਾਂ ਪ੍ਰਸ਼ਨਾਂ ਦੇ ਇੱਕ ਤੋਂ ਵੱਧ ਬਰਾਬਰ ਅੰਕ ਵਾਲੇ ਭਾਗ ਹਨ, ਉਨ੍ਹਾਂ ਦਾ ਹੱਲ ਇੱਕ ਥਾਂ `ਤੇ ਇੱਕ ਹੀ ਤਰਤੀਬ ਵਿਚ ਕਰੋ।

**ਖੰਡ-ੳ**

**1. ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਵਿਕਲਪ ਦੀ ਚੋਣ ਕਰੋ:-** **18x1=18**

I. 'ਧਰਤੀ ਦੇ ਬੋਲ' ਕਵਿਤਾ ਦਾ ਕਵੀ ਹੈ-
(ੳ) ਸ. ਸ. ਮੀਸਾ (ਅ) ਸੰਤ ਰਾਮ ਉਦਾਸੀ (ੲ) ਡਾ. ਪਾਲ ਕੌਰ (ਸ) ਗੁਰਭਜਨ ਗਿੱਲ

II. ਡਾ. ਜਗਤਾਰ ਦੀ ਗ਼ਜ਼ਲ ਹੈ -
(ੳ) ਆਪਣੀ ਜਾਚੇ (ਅ) ਹੋਰਾਂ ਵਾਂਗੂੰ
(ੲ) ਹਰ ਮੋੜ ਤੇ ਸਲੀਬਾਂ (ਸ) ਅਰਦਾਸ ਕਰੀਂ

III. "ਕੱਕਰੀ ਰਾਤ ਸਿਆਲ ਦੀ, ਵਰਤੀ ਸੁੰਨ ਮਸਾਣ,
ਖਲਕਤ ਸੁੱਤੀ ਅੰਦਰੀ ਨਿੱਘੀਆਂ ਬੁੱਕਲਾਂ ਤਾਣ |" ਇਹ ਸਤਰਾਂ ਕਿਸ ਕਵੀ ਦੀਆਂ ਹਨ -
(ੳ) ਧਨੀ ਰਾਮ ਚਾਤ੍ਰਿਕ (ਅ) ਪਾਸ਼
(ੲ) ਪ੍ਰੋ. ਪੂਰਨ ਸਿੰਘ (ਸ) ਪ੍ਰੋ. ਮੋਹਨ ਸਿੰਘ

IV. " ਏ ਬੀ ਸੀ ਡੀ ਸਿਖਦੇ, ਪੋਤੇ ਅੱਛਰ ਸਿੰਘ ਦੇ ?"
ਕਿੰਨਾ ਗੂੜ੍ਹਾ ਸਾਕ ਹੈ ਅੱਖਰ ਅਤੇ ਅਕਾਂਖਿਆ।" ਇਹ ਸਤਰਾਂ ਕਿਸ ਕਵਿਤਾ ਵਿਚੋਂ ਹਨ -
(ੳ) ਗਰੀਬ ਕਿਰਸਾਣ (ਅ) ਚੂੜੀਆਂ ਦਾ ਹੋਕਾ
(ੲ) ਸਭ ਤੋਂ ਖਤਰਨਾਕ (ਸ) ਆਇਆ ਨੰਦ ਕਿਸ਼ੋਰ

V. "ਮੈਂ ਨਿਸ਼ਚੇ ਬਾਝੋਂ ਭਟਕ ਰਿਹਾ , ਜੰਨਤ ਦੋਜਖ ਵਿਚ ਲਟਕ ਰਿਹਾ " ਉਪਰੋਕਤ ਸਤਰ ਵਿਚ ਆਏ 'ਦੋਜਖ' ਸ਼ਬਦ ਦਾ ਸਹੀ ਅਰਥ ਹੈ-
(ੳ) ਖਸਮਾਂ ਨੂੰ ਖਾਣਾ (ਅ) ਦੁੱਖੜਾ
(ੲ) ਭੈੜੀ ਬਿਮਾਰੀ (ਸ) ਨਰਕ

VI. 'ਹਲ ਵਾਹੁਣ ਵਾਲੇ' ਕਵਿਤਾ ਅਨੁਸਾਰ ਜੱਗ ਦੇ ਭੰਡਾਰੀ ਕੌਣ ਹਨ -
(ੳ) ਵਪਾਰੀ (ਅ) ਧਨਾਢ ਲੋਕ
(ੲ) ਕਿਰਸਾਣ (ਸ) ਜਾਗੀਰਦਾਰ

VII. "ਅਰਸ਼ੀ ਦਿਵਾਲੀ'' ਕਵਿਤਾ ਵਿਚ ਕਿਹੜੇ ਸ਼ਹਿਰ ਦੀ ਦਿਵਾਲੀ ਦਾ ਜ਼ਿਕਰ ਕੀਤਾ ਗਿਆ ਹੈ -
(ੳ) ਚੰਡੀਗੜ੍ਹ (ਅ) ਅੰਮ੍ਰਿਤਸਰ
(ੲ) ਜੈਪੁਰ (ਸ) ਅੰਬਾਲਾ

VIII. 'ਚੜ ਚੱਕ ਤੇ ਚੱਕ ਘੁਮਾਨੀਆਂ' ਵਿਚ ਕਵੀ ਕਿਸ ਤੋਂ ਸਦਕੇ ਜਾਂਦਾ ਹੈ -
(ੳ) ਹੀਰ ਤੋਂ (ਅ) ਰਾਂਝੇ ਤੋਂ
(ੲ) ਮਿਰਜੇ ਤੋਂ (ਸ) ਮਹੀਂਵਾਲ ਤੋਂ

IX. ਹਾਣੀਆਂ (ਗੀਤ) ਅਨੁਸਾਰ ਜਦੋਂ ਸੋਨੇ ਦੀ ਸਵੇਰ ਆਉਗੀ ਤਾਂ ਨੱਚਣਾ ਕਿਸ ਦੇ ਹਿੱਸੇ ਆਵੇਗਾ -

BSER

(ੳ) ਭੂਮੀ ਦੇ (ਅ) ਸਮੁੰਦਰ ਦੇ (ੲ) ਅੰਬਰ ਦੇ (ਸ) ਗੱਭਰੂ ਦੇ

X. 'ਗੁੱਡ ਡੀਅਲ' ਕਹਾਣੀ ਦੇ ਕਹਾਣੀਕਾਰ ਹਨ -

(ੳ) ਹਰਪ੍ਰੀਤ ਸੇਖਾ (ਅ) ਅਮਨਪਾਲ ਸਾਰਾ (ੲ) ਗੁਰਮੀਤ ਕੜਿਆਲਵੀ (ਸ) ਨਾਨਕ ਸਿੰਘ

XI. ਕਹਾਣੀਕਾਰ ਗੁਰਦਿਆਲ ਸਿੰਘ ਦੀ ਰਚਨਾ ਹੈ -

(ੳ) ਪੰਜ ਡਾਲਰ ਦਾ ਨੋਟ (ਅ) ਆਤੂ ਖੋਜੀ (ੲ) ਮੋਹ - ਪਾਸ਼ (ਸ) ਘੜੀ ਤਾਂ ਖਰਾਬ ਹੋ-ਗੀ !

XII. " ਆਪਣਾ ਆਪਣਾ ਹਿੱਸਾ" ਕਹਾਣੀ ਦਾ ਮੁੱਖ ਪਾਤਰ ਹੈ -

(ੳ) ਮੈਂ - ਪਾਤਰ (ਅ) ਘੁੱਦੂ

(ੲ) ਸਾਧੂ ਸਿੰਘ (ਸ) ਬਾਰੂ

XIII. ਮਦਨ ਦੇ ਮੁੰਡੇ ਦੀ ਮੌਤ ਕਿਵੇਂ ਹੁੰਦੀ ਹੈ -

(ੳ) ਨਹਿਰ 'ਚ ਡੁੱਬ ਕੇ (ਅ) ਕੋਠੇ ਤੋਂ ਡਿਗ ਕੇ

(ੲ) ਮੰਜੇ ਤੋਂ ਡਿਗ ਕੇ (ਸ) ਊਠ ਤੋਂ ਡਿਗ ਕੇ

XIV. "ਮੁਰਦੇ ਨੂੰ ਤਾਂ ਜਲਣਾ ਈ ਪੈਣੇ ਮਾਸੀ- ਨਹੀਂ ਜਲੂ ਤਾਂ ਕੋਂ ਕੁੱਤੇ ਚੂੰਡ - ਚੂੰਡ ਖਾ ਜਾਣਗੇ |" ਮੋਹ - ਪਾਸ਼ ਕਹਾਣੀ ਵਿਚ ਇਹ ਸ਼ਬਦ ਕਿਹੜੇ ਪਾਤਰ ਨੇ ਕਹੇ ਹਨ-

(ੳ) ਬਿੱਕਰ ਨੇ (ਅ) ਜੈਲੇ ਨੇ

(ੲ) ਕਪੂਰ ਸਿੰਘ ਨੇ (ਸ) ਗੁਰਬੰਤੇ ਨੇ

XV. ਫਰੀਦਕੋਟੀਏ ਰਾਜੇ ਦੇ ਮਹਿਲ ਵਿਚ ਚੋਰੀ ਕਰਨ ਵਾਲੇ ਕੌਣ ਸਨ-

(ੳ) ਆਤੂ ਤੇ ਉਸਦਾ ਜਵਾਈ (ਅ) ਸੇਠ ਦੇ ਨੌਕਰ

(ੲ) ਟੇਲੂ ਤੇ ਮੇਲੂ (ਸ) ਟੇਕੂ ਤੇ ਪੇਕੂ

XVI. ਜੈਮਲ ਸਿੰਓਂ ਨੂੰ ਮਿਲਣ ਆਈ ਛੋਟੀ ਭੈਣ ਆਪਣੀ ਕਿਹੜੀ ਸਮੱਸਿਆ ਦਾ ਜ਼ਿਕਰ ਕਰਦੀ ਹੈ

(ੳ) ਔੜ ਕਾਰਨ ਖੇਤੀ ਦੇ ਮਰਨ ਦਾ (ਅ) ਪਤੀ ਦੀ ਬਿਮਾਰੀ ਦਾ

(ੲ) ਟਰੈਕਟਰ ਦੀ ਕਿਸ਼ਤ ਨਾ ਭਰੇ ਜਾਣ ਦਾ (ਸ) ਪੈਨਸ਼ਨ ਨਾ ਮਿਲਣ ਦਾ

XVII. ਕਰੁਣਾ ਰਸ ਦਾ ਸਥਾਈ ਭਾਵ ਹੈ -

(ੳ) ਪ੍ਰੇਮ ਜਾਂ ਪ੍ਰੀਤ (ਅ) ਸ਼ੋਕ

(ੲ) ਕ੍ਰੋਧ (ਸ) ਘ੍ਰਿਣਾ

XVIII. 'ਹੱਥ ਅੱਡਣੇ' ਮੁਹਾਵਰੇ ਦਾ ਸਹੀ ਅਰਥ ਹੈ

(ੳ) ਮੁਆਫੀ ਮੰਗਣੀ (ਅ) ਮੰਗਣਾ

(ੲ) ਹੱਥ ਤੇ ਹੱਥ ਧਰਨਾ (ਸ) ਹੱਥ ਰੰਗ ਲੈਣਾ

**2. ਹੇਠ ਲਿਖੀਆਂ ਖਾਲੀ ਥਾਵਾਂ ਭਰੋ-** **6x1=6**

I. ਗੁਰੂਆਂ ਦੇ ਆਖੇ _ _ _ _ _ _ _ ਨੂੰ ਹੈ ਪਾਲਣਾ ।

II. ਜਾਲਮ ਕਹਿਣ ਬਲਾਵਾਂ ਹੁੰਦੀਆਂ ਕੁੜੀਆਂ _ _ _ _ _ _ _ ।

III. ਤੀਜਾ ਐਬ ਕੁਪੱਤ ਦਾ, _ _ _ _ _ _ _ ਭਰਾਇ ।

IV. ਗਿੱਦੜ ਦਾਖ ਨਾ ਅਪੜੇ _ _ _ _ _ _ _ ।

V. ਘੜੇ ਨੂੰ ਹੱਥ ਲਾਇਆ _ _ _ _ _ _ _ ।

VI. "ਭਲਾ ਹੋਇਆ ਮੇਰਾ ਚਰਖਾ ਟੁੱਟਾ, _ _ _ _ _ _ _ ।"

**3. ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ :-** **12x1=12**

I. ਜਦੋਂ ਸਮਝ ਤੇ ਸ਼ਬਦ ਨਫਰਤ ਦੀ ਸੜਿਹਾਂਦ ਛੱਡਣ ਤਾਂ ਸਾਨੂੰ ਕੀ ਕਰਨਾ ਚਾਹੀਦਾ ਹੈ ?

II. ਆਪਣੀ ਜਾਚੇ (ਗਜ਼ਲ) ਅਨੁਸਾਰ ਬੰਦਾ ਕਿਸ ਕੋਲੋਂ ਟੁੱਟ ਕੇ ਮਰਦਾ - ਮਰਦਾ ਮਰ ਜਾਂਦਾ ਹੈ ?

III. ' ਤੀਰ ਹੋ ਜਾਣਾ'' ਮੁਹਾਵਰੇ ਦਾ ਵਾਕ ਬਣਾ ਕੇ ਅਰਥ ਸਪਸ਼ਟ ਕਰੋ ।

BSER

**(IV-VI) ਹੇਠ ਲਿਖੇ ਵਾਕਾਂ ਵਿਚ ਵਿਸ਼ਰਾਮ ਚਿੰਨ੍ਹਾਂ ਦੀ ਵਰਤੋਂ ਕਰੋ:-**

IV. ਪਿਤਾ ਨੇ ਦੱਸਿਆ ਅੱਜ ਅਜ਼ਾਦੀ ਦਿਵਸ ਦੀ ਛੁੱਟੀ ਹੈ

V. ਵਾਹ ਬਈ ਵਾਹ ਤੂੰ ਤਾਂ ਕਮਾਲ ਕਰ ਦਿੱਤਾ

VI. ਮੇਲੇ ਵਿਚ ਛੋਟੇ ਵੱਡੇ ਜਵਾਨ ਬੁੱਢੇ ਅਮੀਰ ਗਰੀਬ ਸਭ ਆਨੰਦ ਮਾਣ ਰਹੇ ਹਨ

**(VII-XII) ਵਾਕ ਬੋਧ:-**

VII. ਲੜਕੇ ਪੜ੍ਹ ਰਹੇ ਹਨ। (ਵਾਕ ਵਿਚੋਂ ਵਿਧੇਅ ਚੁਣੋ)

VIII. ਸੁਖਪਾਲ ਖ਼ੁਸ਼ ਹੈ ਕਿਉਂਕਿ ਉਹ ਜਮਾਤ ਵਿਚ ਪਹਿਲੇ ਨੰਬਰ ਤੇ ਆਈ ਹੈ । (ਬਣਤਰ ਦੇ ਆਧਾਰ `ਤੇ ਵਾਕ ਵੰਡ ਅਨੁਸਾਰ ਵਾਕ ਦੀ ਕਿਸਮ ਦੱਸੋ)

IX. ਸੁਰਿੰਦਰ ਭਲਾ ਮਾਣਸ ਹੈ ਅਤੇ ਸਾਰੇ ਉਸਦਾ ਸਤਿਕਾਰ ਕਰਦੇ ਹਨ | (ਬਣਤਰ ਦੇ ਆਧਾਰ `ਤੇ ਵਾਕ ਵੰਡ ਅਨੁਸਾਰ ਵਾਕ ਦੀ ਕਿਸਮ ਦੱਸੋ)

X. ਗਿਆਰਵੀਂ ਸ਼੍ਰੇਣੀ ਵਿਚ ਕਿੰਨੇ ਵਿਦਿਆਰਥੀ ਹਨ ? (ਕਾਰਜ ਦੇ ਆਧਾਰ `ਤੇ ਵਾਕ ਵੰਡ ਅਨੁਸਾਰ ਵਾਕ ਦੀ ਕਿਸਮ ਦੱਸੋ)

XI. ਡਾ. ਰਾਜਿੰਦਰ ਪ੍ਰਸਾਦ ਭਾਰਤ ਦੇ ਰਾਸ਼ਟਰਪਤੀ ਸਨ। (ਵਾਕ ਵਿਚ ਕਰਤਾ ਹੈ ?)

XII. ਅਸੀਂ ਆਪਣੇ ਦੇਸ਼ ਨੂੰ ਪਿਆਰ ਕਰਦੇ ਹਾਂ | (ਕਾਰਜ ਦੇ ਆਧਾਰ `ਤੇ ਵਾਕ ਵੰਡ ਅਨੁਸਾਰ ਵਾਕ ਦੀ ਕਿਸਮ ਦੱਸੋ)

**ਖੰਡ-ਅ**

**4-13. ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ :-** **5x2=10**

ਪ੍ਰਦੂਸ਼ਣ ਤੋਂ ਭਾਵ ਚੌਗਿਰਦੇ ਦਾ ਗੰਧਲਾ ਹੋ ਰਿਹਾ ਵਾਤਾਵਰਨ ਹੈ। ਕਾਰਖਾਨਿਆਂ, ਫੈਕਟਰੀਆਂ ਆਦਿ ਦੀਆਂ ਚਿਮਨੀਆਂ ਵਿਚੋਂ ਨਿਕਲ ਰਿਹਾ ਧੂੰਆਂ, ਜ਼ਹਿਰੀਲਾ ਪਾਣੀ, ਜਹਾਜ਼ਾਂ, ਮਸ਼ੀਨਰੀਆਂ ਤੇ ਹੋਰ ਕਈ ਥਾਵਾਂ ਤੋਂ ਨਿਕਲ ਰਹੀਆਂ ਸ਼ੋਰ ਸ਼ਰਾਬੇ ਦੀਆਂ ਆਵਾਜ਼ਾਂ ਆਦਿ ਸਭ ਪ੍ਰਦੂਸ਼ਣ ਫੈਲਾਅ ਰਹੇ ਹਨ। ਇਹ ਸਭ ਕੁਝ ਦਾ ਜਿੰਮੇਵਾਰ ਮਨੁੱਖ ਖੁਦ ਹੀ ਹੈ। ਹੁਣ ਇਸ ਜ਼ਹਿਰ ਨੇ ਆਪਣਾ ਜਲਵਾ ਦਿਖਾਉਣਾ ਸ਼ੁਰੂ ਕਰ ਦਿੱਤਾ ਹੈ। ਅੱਜ ਸਮੁੱਚੀ ਮਨੁੱਖਤਾ ਘਾਤਕ ਤੇ ਜਾਨਲੇਵਾ ਬਿਮਾਰੀਆਂ ਦੀ ਸ਼ਿਕਾਰ ਹੋ ਚੁੱਕੀ ਹੈ। ਬੇ-ਤਹਾਸ਼ਾ ਜੰਗਲ ਕੱਟੇ ਜਾ ਰਹੇ ਹਨ। ਹਰਿਆਵਲ ਦੇ ਸੋਮੇ ਹੀ ਮੁੱਕ ਗਏ ਹਨ। ਰੁੱਖ ਵਾਤਾਵਰਨ ਨੂੰ ਸਾਫ - ਸੁਥਰਾ ਰੱਖਣ ਵਿੱਚ ਬੜੇ ਹੀ ਸਹਾਈ ਹੁੰਦੇ ਹਨ। ਅੱਜ ਕਾਰਬਨ ਮੋਨੋ ਆਕਸਾਈਡ ਗੈਸ ਵੱਧ ਰਹੀ ਹੈ, ਜੋ ਮਨੁੱਖ ਦੇ ਸਰੀਰ ਵਿਚਲੇ ਲਾਲ ਸੈਲਾਂ ਵਿਚਲੀ ਖਿੱਚਣ ਵਾਲੀ ਆਕਸੀਜਨ ਗੈਸ ਨੂੰ ਘੱਟ ਕਰਕੇ ਮਨੁੱਖ ਨੂੰ ਬਿਲਕੁਲ ਹੀ ਮੌਤ ਦੇ ਕਗਾਰ ਤੇ ਖੜ੍ਹਾ ਕਰ ਰਹੀ ਹੈ।

**(4-8) ਉਪਰੋਕਤ ਪੈਰ੍ਹੇ ਨੂੰ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ-**

**4.** ਪ੍ਰਦੂਸ਼ਣ ਤੋਂ ਕੀ ਭਾਵ ਹੈ ?

**5.** ਵਾਤਾਵਰਨ ਵਿਚ ਪ੍ਰਦੂਸ਼ਣ ਕਿਵੇਂ ਫੈਲਾਇਆ ਜਾ ਰਿਹਾ ਹੈ ?

**6.** ਪ੍ਰਦੂਸ਼ਣ ਕਾਰਨ ਕਿਹੜੀ ਹਨੀਕਾਰਕ ਗੈਸ ਵਿਚ ਵਾਧਾ ਹੋ ਰਿਹਾ ਹੈ ?

**7.** ਉਪਰੋਕਤ ਪੈਰ੍ਹੇ ਦਾ ਢੁਕਵਾਂ ਸਿਰਲੇਖ ਲਿਖੋ ।

**8.** ਔਖੇ ਸ਼ਬਦਾਂ ਦੇ ਅਰਥ ਲਿਖੋ -

ਗੰਧਲਾ , ਘਾਤਕ , ਬੇ - ਤਹਾਸ਼ਾ , ਸੋਮੇ।

**9-13. ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ :-** **5x2=10**

**9.** ਗਜ਼ਲ ਦੇ ਪਹਿਲੇ ਤੇ ਅੰਤਲੇ ਸ਼ਿਅਰ ਨੂੰ ਕੀ ਆਖਿਆ ਜਾਂਦਾ ਹੈ ?

**10.** ਬਲਵੰਤ ਗਾਰਗੀ ਦੇ ਲਿਖੇ ਕਿਹੜੇ - ਕਿਹੜੇ ਰੇਖਾ ਚਿੱਤਰ ਸੰਗ੍ਰਹਿ ਪ੍ਰਾਪਤ ਹਨ ? ਉਹਨਾਂ ਦੇ ਨਾਂ ਲਿਖੋ |

**11.** 'ਸ਼ਾਂਤ ਰਸ' ਦਾ ਸਥਾਈ ਭਾਵ ਦੱਸ ਕੇ ਉਦਾਹਰਨ ਲਿਖੋ ।

**12.** 'ਕਿਤਾਬਾਂ ਵਰਗੇ ਲੋਕਾਂ ਨੂੰ' ਗਜ਼ਲ ਵਿਚ ਲੋਕਾਂ ਨੂੰ 'ਕਿਤਾਬਾਂ ਵਰਗੇ' ਕਿਉਂ ਕਿਹਾ ਗਿਆ ਹੈ ?

**13.** 'ਸ਼ਹੀਦ ਦੀ ਮਾਂ' ਕਹਾਣੀ ਸਾਨੂੰ ਕੀ ਸੁਨੇਹਾ ਦਿੰਦੀ ਹੈ ?

**ਖੰਡ- ੲ**

**14-17. ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ :-** **4x3=12**

BSER

14. ਸਾਡਾ ਘੁੱਟੀ ਘੁੱਟੀ ਖੂਨ ਤੇਲ ਪੀ ਗਿਆ, ਤੇ ਖਾਦ ਖਾ ਗੀ ਹੱਡ ਖਾਰ ਕੇ।
ਬੋਲੇ ਬੈਂਕ ਦੀ ਤਕਾਵੀ ਬਹੀ ਅੰਦਰੋਂ, ਬੋਹਲ ਨੂੰ ਖੰਗੂਰਾ ਮਾਰ ਕੇ ।
ਸਾਨੂੰ ਬਿਜਲੀ ਝੰਜੋੜਾ ਏਨਾ ਮਾਰਿਆ, ਕਿ ਸਧਰਾਂ ਨੂੰ ਲਾਂਬੂ ਲੱਗਿਆ।

i. ਉਪਰੋਕਤ ਕਾਵਿ-ਬੰਦ ਦਾ ਪ੍ਰਸੰਗ ਲਿਖੋ।
ii. ਉਪਰੋਕਤ ਕਾਵਿ-ਬੰਦ ਦੀ ਸਰਲ ਵਿਆਖਿਆ ਕਰੋ।
iii. ਔਖੇ ਸ਼ਬਦਾਂ ਦੇ ਅਰਥ ਲਿਖੋ-

ਤਕਾਵੀ , ਬਹੀ , ਸੱਧਰਾਂ , ਲਾਂਬੂ।

**ਜਾਂ**

ਖਲੋਅ ਗਿਆ ਏ ਭਾਦਰੋਂ ਅੜ ਕੇ,
ਚੜ੍ਹੀ ਏ ਗਹਿਰ ਚੌਫੇਰੇ,
ਨਾ ਬਣਦੇ, ਨਾ ਬਰਸਦੇ ਬੱਦਲ
ਵਿਗੜ ਗਿਆ ਏ ਮਿਜਾਜ਼ ,
ਅੰਦਰ - ਬਾਹਰ ਔੜ ਹੀ ਔੜ ।

i. ਉਪਰੋਕਤ ਕਾਵਿ-ਬੰਦ ਦਾ ਪ੍ਰਸੰਗ ਲਿਖੋ।
ii. ਉਪਰੋਕਤ ਕਾਵਿ-ਬੰਦ ਦੀ ਸਰਲ ਵਿਆਖਿਆ ਕਰੋ।
iii. ਔਖੇ ਸ਼ਬਦਾਂ ਦੇ ਅਰਥ ਲਿਖੋ-

ਗਹਿਰ, ਮਿਜਾਜ਼, ਔੜ, ਚੌਫੇਰੇ।

15. 'ਇਨਸਾਨਸਤਾਨ' ਕਵਿਤਾ ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ।

**ਜਾਂ**

'ਪੁਰਖਿਆਂ ਦੇ ਰਸਤੇ `ਤੇ' ਕਵਿਤਾ ਵਿਚ ਦਰਜ ਵਿਚਾਰਾਂ ਨੂੰ ਵਿਸਥਾਰਪੂਰਵਕ ਲਿਖੋ।

16. 'ਕੋਈ ਇੱਕ ਸਵਾਰ' ਕਹਾਣੀ ਦਾ ਸੰਖੇਪ ਸਾਰ ਲਿਖੋ।

**ਜਾਂ**

'ਕੁੰਢੇ' ਜਾਂ 'ਬੇਬੇ ਸੰਤੀ' ਦੀ ਪਾਤਰ ਉਸਾਰੀ ਕਰੋ।

**17.** ਕਿਸੇ ਇਕ ਸਿਰਲੇਖ ਅਨੁਸਾਰ ਕਹਾਣੀ ਰਚਨਾ ਕਰੋ-

ਮਤਲਬੀ ਦੋਸਤ

**ਜਾਂ**

ਇਮਾਨਦਾਰ ਲੱਕੜਹਾਰਾ

**ਖੰਡ-ਸ**

**18-20. ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ:-** **3 x 4 =12**

**18.** ਕਿਸੇ ਇਕ ਵਿਸ਼ੇ ਉੱਪਰ ਲੇਖ-ਰਚਨਾ ਕਰੋ-

ਸ਼੍ਰੀ ਗੁਰੂ ਗੋਬਿੰਦ ਸਿੰਘ ਜੀ

**ਜਾਂ**

ਮੋਬਾਈਲ ਫੋਨ ਦੇ ਲਾਭ ਤੇ ਹਾਨੀਆਂ

ਜਾਂ

BSER

ਵਧਦੀ ਅਬਾਦੀ ਦੀ ਸਮੱਸਿਆ

**19.** ਕਿਸੇ ਇਕ ਸਾਹਿਤ ਰੂਪ ਦਾ ਅਰਥ, ਪਰਿਭਾਸ਼ਾ ਤੇ ਤੱਤਾਂ ਦਾ ਵਰਣਨ ਕਰੋ-

ਕਵਿਤਾ **ਜਾਂ** ਨਿੱਕੀ ਕਹਾਣੀ

**20.** ਪੰਜਾਬੀ ਦੇ ਮੁੱਢਲੇ ਨਿਬੰਧਕਾਰਾਂ ਨਾਲ ਜਾਣ-ਪਛਾਣ ਕਰਾਓ |

**ਜਾਂ**

ਪਰਵਾਸੀ ਪੰਜਾਬੀ ਨਾਵਲਕਾਰਾਂ ਬਾਰੇ ਜਾਣਕਾਰੀ ਦਿਓ |

**===**

BSER